This question paper contains 4 printed pages]

*Your Roll No*...............

**5354**

**B.A. (PROGRAMME)/II/III** **A**

PUNJABI LANGUAGE (C)—Paper II

(Basic Punjabi)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਕਾਵਿ-ਬੰਦ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ :

"ਵੇਰੀ ਨਾਗ ! ਤੇਰਾ ਪਹਿਲਾ ਝਲਕਾ,
ਜਦ ਅੱਖੀਆਂ ਵਿਚ ਵਜਦਾ ।
ਕੁਦਰਤ ਦੇ ਕਾਦਰ ਦਾ ਜਲਵਾ,
ਲੈ ਲੈਂਦਾ ਇਕ ਸਿੱਜਦਾ ।
ਰੰਗ ਬਲੌਰੀ ਝਲਕ ਫਿਰੋਜ਼ੀ,

P.T.O.

ਡਲ੍ਹਕ ਮੋਤੀਆਂ ਵਾਲੀ ।

ਰੂਹ ਵਿਚ ਆ ਆ ਜਜ਼ਬ ਹੋਇ,

ਜੀ ਵੇਖ ਵੇਖ ਨਹੀਂ ਰੱਜਦਾ ।"

ਪ੍ਰਸ਼ਨ :

(ੳ) ਕਵੀ ਕਿਸਨੂੰ ਸੰਬੋਧਨ ਕਰ ਰਿਹਾ ਹੈ ?

(ਅ) ਵੈਰੀ ਨਾਗ ਚਸ਼ਮੇ ਦੀ ਪਹਿਲੀ ਝਲਕ ਦਾ ਕਵੀ ਉਪਰ ਕੀ ਪ੍ਰਭਾਵ ਪੈਂਦਾ ਹੈ ?

(ੲ) ਕਵੀ ਨੇ ਚਸ਼ਮੇ ਦੀ ਖ਼ੂਬਸੂਰਤੀ ਨੂੰ ਕਿਵੇਂ ਪੇਸ਼ ਕੀਤਾ ਹੈ ?

(ਸ) ਰੇਖਾਂਕਿਤ ਸ਼ਬਦਾਂ ਦੇ ਅਰਥ ਲਿਖੋ ।

ਜਾਂ

ਹੇਠਾਂ ਲਿਖਿਤ ਪੈਰੇ ਨੂੰ ਪੜ੍ਹ ਕੇ ਉਸਦੇ ਹੇਠਾ ਲਿਖੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

"ਕੰਪਿਊਟਰ ਅੱਜ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਾ ਹੈ । ਇਸਨੇ ਮਨੁੱਖ ਦੇ ਜੀਵਨ ਦੀਆਂ ਕਈ ਮੁਸ਼ਕਲਾਂ ਨੂੰ ਆਸਾਨ ਕਰ ਦਿੱਤਾ ਹੈ । ਪਹਿਲਾਂ ਕੰਪਿਊਟਰ ਦੀ ਵਰਤੋਂ ਸਿਰਫ਼ ਹਿਸਾਬ-ਕਿਤਾਬ ਲਈ ਕੀਤੀ ਜਾਂਦੀ ਸੀ, ਪਰ ਹੁਣ ਸੰਚਾਰ, ਰੇਲਵੇ ਰਾਖਵਾਂਕਰਨ, ਛਪਾਈ ਦਾ ਕੰਮ, ਜਨਮ-ਪੱਤਰੀ ਬਣਾਉਣਾ ਆਦਿ ਭਾਵ ਜੀਵਨ ਦੇ ਹਰ ਖੇਤਰ ਵਿਚ ਇਸਦੀ ਵਰਤੋਂ ਹੋ ਰਹੀ ਹੈ । ਰੋਜ਼ਾਨਾ ਜ਼ਿੰਦਗੀ ਦਾ ਬਹੁਤ ਸਾਰਾ ਕਾਰ ਵਿਹਾਰ ਕੰਪਿਊਟਰ ਦੁਆਰਾ ਕੀਤਾ ਜਾਂਦਾ ਹੈ । ਹੁਣ ਇਹ ਵੱਡੇ ਵੱਡੇ ਅਦਾਰਿਆਂ ਵਿਚੋਂ ਨਿਕਲ ਕੇ ਗਲੀਆਂ, ਮੁਹੱਲਿਆਂ ਅਤੇ ਦੁਕਾਨਾਂ ਵਿਚ ਪਹੁੰਚ ਗਿਆ ਹੈ । ਅਸਲ ਵਿਚ ਕੰਪਿਊਟਰ ਦੇ ਸਾਰੇ ਮੁੱਖ ਕੰਮ ਇੰਟਰਨੈੱਟ ਰਾਹੀਂ ਹੀ ਸੰਭਵ ਹਨ । ਅੱਜ ਇੰਟਰਨੈੱਟ ਸਾਡੀਆਂ ਜ਼ਰੂਰਤਾਂ ਨਾਲ ਇਸ ਤਰ੍ਹਾਂ ਜੁੜ ਗਿਆ ਹੈ ਕਿ ਦੁਨੀਆਂ ਦੇ ਕਿਸੇ ਕੋਨੇ ਵਿਚ ਬੈਠ ਕੇ ਅਸੀ ਦੁਨੀਆਂ ਭਰ ਦੀ ਕੋਈ ਵੀ ਜਾਣਕਾਰੀ ਹਾਸਲ ਕਰ ਸਕਦੇ ਹਾਂ ।"

ਪ੍ਰਸ਼ਨ :

(ੳ) ਕੰਪਿਊਟਰ ਦਾ ਕੀ ਮਹੱਤਵ ਹੈ ?

(ਅ) ਇਸਦੀ ਵਰਤੋਂ ਕਿਸ ਕਿਸ ਖੇਤਰ ਵਿਚ ਕੀਤੀ ਜਾਂਦੀ ਹੈ ?

(ੲ) ਇੰਟਰਨੈੱਟ ਦਾ ਕੀ ਮਹੱਤਵ ਹੈ ? 10

2. (*i*) ਵਿਆਕਰਨ ਕਿਸਨੂੰ ਕਹਿੰਦੇ ਹਨ ? ਇਸਦੇ ਕਿੰਨੇ ਅਤੇ ਕਿਹਨੇ ਭਾਗ ਹਨ ? 5

(*ii*) ਵਿਸ਼ੇਸ਼ਣ ਦੀ ਪਰਿਭਾਸ਼ਾ ਦੇ ਕੇ ਉਸ ਦੀਆਂ ਕਿਸਮਾਂ ਦੇ ਨਾਂ ਲਿਖੋ । 5

(*iii*) ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ ਦਸਾਂ ਨੂੰ ਸ਼ੁਧ ਕਰਕੇ ਲਿਖੋ :

ਫੇਦਾ, ਅਿਕ, ਲੰਮਾ, ਕਿਉਂ, ਰੈਹਣਾ, ਕਉਣ, ਈਮਾਨ, ਖੰਡਤ, ਕਿੱਨਾ, ਸ਼ੋਹਰਤ, ਸੁਨੈਹਰੀ, ਵੌਹਟੀ ਉਨਤਿ, ਅਧਕਾਰੀ, ਆਯਾ, ਅਭਿਯਾਸ । 10

3. ਬੈਂਕ ਦੇ ਮੈਨੇਜਰ ਨੂੰ ਕਲੱਰਕ ਦੀ ਅਸਾਮੀ ਲਈ ਬਿਨੈ-ਪੱਤਰ ਲਿਖੋ । 10

4. ਹੇਠ ਲਿਖੇ ਕਿਸੇ ਇਕ ਵਿੱਸ਼ੇ ਉਪਰ ਸੱਦਾ-ਪੱਤਰ ਤਿਆਰ ਕਰੋ :

(*i*) ਆਪਣੇ ਜਨਮ ਦਿਨ ਬਾਰੇ ।

(*ii*) ਕਾਲਜ ਵਿਚ ਹੋਣ ਵਾਲੇ ਕਿਸੇ ਸਮਾਗਮ ਲਈ । 10

5. ਨਿਮਨ-ਲਿਖਿਤ ਭਾਵਾਂ ਨਾਲ ਸੰਬੰਧਿਤ ਇਕ-ਇਕ ਸ਼ਬਦ ਲਿਖੋ :

(ੳ) ਵਿਦਾਇਗੀ ਦੇਣਾ ।

(ਅ) ਸਵਾਗਤ ਕਰਨਾ ।

(ੲ) ਧੰਨਵਾਦ ਕਰਨਾ ।

(ਸ) ਨਿਗਾਹ-ਇ-ਕਰਮ ।

(ਹ) ਮੁਆਫ਼ੀ-ਮੰਗਣ । 5

6. 'ਕਿਸੇ ਅਖੀਂ ਵੇਖੀਂ ਘਟਨਾ' ਦੇ ਬਿਰਤਾਂਤ ਨੂੰ ਇਕ ਪੈਰੇ ਵਿਚ ਲਿਖੋ । 10

7. ਹੇਠਾਂ ਲਿਖੇ ਸ਼ਬਦਾਂ ਵਿਚੋਂ ਕਿਸੇ ਦੱਸ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ :

pronoun, gender, agreement, dance, fiction, process, nature, negative, intellectual, criticism, one-act-play, comedy, literature, science, veins. 10